412022-Amritsar-07.qxd 03-Jan-22 11:39 PM Page 1





ਸਿਵਲ ਹਸਪਤਾਲ ਵਿਚ 24 ਘੰਟੇ ਚੱਲਣ ਵਾਲੇ ਡਾਇਗਨੌਸਟਿਕ ਸੈਂਟਰ ਦਾ ਉਦਘਾਟਨ ਕਰਨ ਮੌਕੇ ਉਪ ਮੁੱਖ ਮੰਤਰੀ ਸ੍ਰੀ ਓ. ਪੀ. ਸੋਨੀ ਨਾਲ ਡੀ.ਸੀ. ਗੁਰਪ੍ਰੀਤ ਸਿੰਘ ਖਹਿਰਾ ਤੇ ਪੁਲਿਸ ਕਮਿਸ਼ਨਰ ਡਾ: ਸੁਖਚੈਨ ਸਿੰਘ ਗਿੱਲ। ਤਸਵੀਰ: ਹਰਜੀਤ ਸਿੰਘ

# ਸਾਰੇ ਵੱਡੇ ਹਸਪਤਾਲਾਂ 'ਚ ਖੁੱਲ੍ਹਣਗੇ ਵਾਜਬ ਕੀਮਤਾਂ ਵਾਲੇ ਸਕੈਨਿੰਗ ਸੈਂਟਰ-ਸੋਨੀ

**ਅੰਮ੍ਰਿਤਸਰ ਦੇ ਸਿਵਲ ਹਸਪਤਾਲ 'ਚ ਖੁੱਲ੍ਹਿਆ 24 ਘੰਟਾ ਖੁੱਲ੍ਹਾ ਰਹਿਣ ਵਾਲਾ ਸਕੈਨਿੰਗ ਸੈਂਟਰ**

**ਬਹੁਤ ਸਸਤੇ ਰੇਟਾਂ ਉੱਤੇ ਹੋਵੇਗੀ ਐੱਮ. ਆਰ. ਆਈ. ਤੇ ਹੋਰ ਟੈਸਟ**

ਅੰਮ੍ਰਿਤਸਰ, 3 ਜਨਵਰੀ (ਰੇਸ਼ਮ ਸਿੰਘ)-ਉਪ ਮੁੱਖ ਮੰਤਰੀ ਸ੍ਰੀ ਓ. ਪੀ. ਸੋਨੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਸਸਤੀਆਂ ਦਰਾਂ ਉੱਤੇ ਸਿਹਤ ਸਹੂਲਤਾਂ ਦੇਣ ਲਈ ਰਾਜ ਦੇ ਸਾਰੇ ਵੱਡੇ ਸਰਕਾਰੀ ਹਸਪਤਾਲਾਂ 'ਚ ਸਕੈਨਿੰਗ ਸੈਂਟਰ, ਜਿਨ੍ਹਾਂ ਵਿਚ ਐੱਮ. ਆਰ. ਆਈ. ਸਮੇਤ ਸਾਰੇ ਵੱਡੇ ਟੈਸਟ ਸ਼ਾਮਿਲ ਹਨ, ਬਹੁਤ ਸਸਤੀ ਕੀਮਤ ਉੱਤੇ ਕੀਤੇ ਜਾਣਗੇ। ਸ੍ਰੀ ਸੋਨੀ ਨੇ ਕਿਹਾ ਕਿ ਇੰਨਾ ਹੀ ਨਹੀਂ ਇਹ ਸਕੈਨਿੰਗ ਸੈਂਟਰ ਹਰ ਰੋਜ਼ ਬਿਨਾਂ ਕਿਸੇ ਛੁੱਟੀ ਦੇ 24 ਘੰਟੇ ਆਪਣੀ ਸੇਵਾ ਦੇਣਗੇ। ਅੰਮ੍ਰਿਤਸਰ ਦੇ ਸਿਵਲ ਹਸਪਤਾਲ ਵਿਚ ਖੋਲ੍ਹੇ ਇਸ ਤਰ੍ਹਾਂ ਦੇ ਪਹਿਲੇ ਸਕੈਨਿੰਗ ਸੈਂਟਰ ਦਾ ਉਦਘਾਟਨ ਕਰਨ ਮੌਕੇ ਸ੍ਰੀ ਸੋਨੀ ਨੇ ਦੱਸਿਆ ਕਿ ਇਸ ਲਈ ਸਰਕਾਰ ਨੇ ਦੇਸ਼ ਦੀ ਵੱਡੀ ਨਾਮੀ ਕੰਪਨੀ ਨਾਲ ਸਮਝੌਤਾ ਕੀਤਾ ਹੈ, ਜੋ ਕਿ ਇਹ ਸਾਰੇ ਸੈਂਟਰ ਪੀ. ਪੀ. ਮੋਡ ਉੱਤੇ ਬਣਾਏਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਤੈਅ ਕੀਤੀਆਂ ਟੈਸਟ ਦਰਾਂ, ਜੋ ਕਿ ਬਾਜ਼ਾਰ ਨਾਲੋਂ 60 ਤੋਂ 70 ਫੀਸਦੀ ਘੱਟ ਹਨ, ਉੱਥੇ ਇਹ ਸੈਂਟਰ ਆਪਣੀ ਸੇਵਾ ਦੇਣਗੇ। ਉਨ੍ਹਾਂ ਦੱਸਿਆ ਕਿ 6 ਵੱਡੇ ਸਿਵਲ ਹਸਪਤਾਲਾਂ 'ਚ ਐੱਮ. ਆਰ. ਆਈ. ਸੈਂਟਰ, 25 ਹਸਪਤਾਲਾਂ ਵਿਚ ਸਕੈਨਿੰਗ ਸੈਂਟਰ, ਮੁਹਾਲੀ ਵਿਖੇ ਇਕ ਸਟੇਟ ਪੱਧਰ ਦੀ ਲੈਬ, ਜ਼ਿਲ੍ਹੇ ਦੇ ਹਸਪਤਾਲਾਂ 'ਚ 30 ਪੈਥਾਲੋਜੀ ਲੈਬਾਰਟਰੀ ਅਤੇ ਛੋਟੇ ਸਿਹਤ ਕੇਂਦਰਾਂ ਲਈ 95 ਕੁਲੈਕਸ਼ਨ ਸੈਂਟਰ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਕੇਂਦਰ ਸੂਬੇ ਦੀ ਕਰੀਬ 2.8 ਕਰੋੜ ਲੋਕਾਂ ਨੂੰ ਆਪਣੀ ਸੇਵਾ ਦੇਣਗੇ। ਉਪ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੈਂਟਰ ਆਉਣ ਵਾਲੇ 2 ਮਹੀਨਿਆਂ ਤਕ ਕੰਮ ਕਰਨਾ ਸ਼ੁਰੂ ਕਰ ਦੇਣਗੇ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਐੱਮ. ਡੀ. ਕ੍ਰਿਸ਼ਨਾ ਡਾਇਗਨੋਸ ਨੇ ਪੰਜਾਬ ਸਰਕਾਰ ਵਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕਰਦੇ ਭਰੋਸਾ ਦਿੱਤਾ ਕਿ ਅਸੀਂ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਦੇਣ ਵਿਚ ਕੋਈ ਕਸਰ ਨਹੀਂ ਛੱਡਾਂਗੇ। ਇਸ ਮੌਕੇ ਡਾਇਰੈਕਟਰ ਸਿਹਤ ਜੀ. ਬੀ. ਸਿੰਘ, ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ, ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਆਦਿ ਅਧਿਕਾਰੀ ਹਾਜ਼ਰ ਸਨ।

# ਕੇਂਦਰੀ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਵਲੋਂ ਰਿਜਨਲ ਪਾਸਪੋਰਟ ਦਫ਼ਤਰ ਦਾ ਦੌਰਾ

## ਕੰਮਕਾਜ ਕਰਵਾਉਣ ਆਏ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ

ਅੰਮ੍ਰਿਤਸਰ, 3 ਜਨਵਰੀ (ਰਾਜੇਸ਼ ਕੁਮਾਰ ਸ਼ਰਮਾ)-ਕੇਂਦਰੀ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਨੇ ਅੱਜ ਰਣਜੀਤ ਐਵੀਨਿਊ ਸਥਿਤ ਰਿਜ਼ਨਲ ਪਾਸਪੋਰਟ ਦਫ਼ਤਰ ਦਾ ਦੌਰਾ ਕੀਤਾ। ਇਸ ਦੌਰਾਨ ਨਵਨਿਯੁਕਤ ਰਿਜ਼ਨਲ ਪਾਸਪੋਰਟ ਅਧਿਕਾਰੀ ਸ਼ਮਸ਼ੇਰ ਬਹਾਦਰ ਸਿੰਘ ਸਮੇਤ ਦਫ਼ਤਰ ਦੇ ਸਮੁੱਚੇ ਸਟਾਫ਼ ਵਲੋਂ ਕੇਂਦਰੀ ਮੰਤਰੀ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰ ਸਵਾਗਤ ਕੀਤਾ ਗਿਆ। ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਨੇ ਪਾਸਪੋਰਟ ਦਫਤਰ ਵਿਚ ਕੰਮ ਕਰਵਾਉਣ ਆਏ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਹਰੇਕ ਵਿਅਕਤੀ ਦੀ ਸਮੱਸਿਆ ਦਾ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਤੋਂ ਬਾਅਦ ਉਨ੍ਹਾਂ ਦਫ਼ਤਰ ਦਾ ਕੰਮ ਵੀ ਦੇਖਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਲੋਕਾਂ ਦੀ ਬੇਹਤਰੀ ਲਈ ਵਧ ਤੋਂ ਵਧ ਕੰਮ ਕੀਤੇ ਗਏ ਹਨ ਤਾਂ ਕਿ ਉਨ੍ਹਾਂ ਨੂੰ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਏ। ਉਨ੍ਹਾਂ ਦਾਅਵਾ ਕਰਦਿਆਂ ਕਿਹਾ ਕਿ ਜਦੋਂ ਤੋਂ ਕੇਂਦਰ 'ਚ ਭਾਜਪਾ ਸਰਕਾਰ ਆਈ ਹੈ, ਦੇਸ਼ ਤਰੱਕੀ ਅਤੇ ਖੁਸ਼ਹਾਲੀ ਵੱਲ ਵਧ ਰਿਹਾ ਹੈ। ਇਸ ਮੌਕੇ ਮੀਨਾਕਸ਼ੀ ਲੇਖੀ ਨੇ ਸ਼ਮਸ਼ੇਰ ਬਹਾਦਰ ਸਿੰਘ ਨੂੰ ਰਿਜ਼ਨਲ ਪਾਸਪੋਰਟ ਅਧਿਕਾਰੀ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪਦੇ ਹੋਏ ਉਨ੍ਹਾਂ ਨੂੰ ਵਧਾਈ ਵੀ ਦਿੱਤੀ।



ਰਿਜਨਲ ਪਾਸਪੋਰਟ ਦਫ਼ਤਰ ਵਿਖੇ ਸ਼ਮਸ਼ੇਰ ਬਹਾਦਰ ਸਿੰਘ ਨੂੰ ਰਿਜਨਲ ਪਾਸਪੋਰਟ ਅਧਿਕਾਰੀ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪਦੇ ਹੋਏ ਕੇਂਦਰੀ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਤੇ ਹੋਰ। ਤਸਵੀਰ : ਨਿਰਮਲ ਸਟੂਡੀਓ

# 'ਆਪ' ਨੇ ਹਲਕਾ ਮਜੀਠਾ ਤੋਂ ਲਾਲੀ ਮਜੀਠੀਆ ਤੇ ਹਲਕਾ ਅੰਮ੍ਰਿਤਸਰ ਕੇਂਦਰੀ ਤੋਂ ਡਾ: ਅਜੈ ਗੁਪਤਾ ਨੂੰ ਐਲਾਨਿਆ ਉਮੀਦਵਾਰ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰਪਾਲ ਸਿੰਘ ਵਰਪਾਲ)-ਆਮ ਆਦਮੀ ਪਾਰਟੀ ਨੇ ਆਗਾਮੀ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀ ਸੱਤਵੀਂ ਸੂਚੀ ਜਾਰੀ ਕਰਦੇ ਹੋਏ ਜ਼ਿਲ੍ਹਾ ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਮਜੀਠਾ ਤੋਂ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਤੇ ਅੰਮ੍ਰਿਤਸਰ ਕੇਂਦਰੀ ਹਲਕੇ ਤੋਂ ਡਾ: ਅਜੇ ਗੁਪਤਾ ਨੂੰ ਉਮੀਦਵਾਰ ਐਲਾਨਿਆ ਹੈ। ਲਾਲੀ ਮਜੀਠੀਆ 2 ਵਾਰ ਵਿਧਾਨ ਸਭਾ ਹਲਕਾ ਮਜੀਠਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਚੋਣ ਲੜ ਚੁੱਕੇ ਹਨ। ਜਦਕਿ ਡਾ: ਅਜੇ ਗੁਪਤਾ ਆਮ ਆਦਮੀ ਪਾਰਟੀ ਦੇ ਪੁਰਾਣੇ ਆਗੂ ਹਨ ਅਤੇ ਪਹਿਲਾਂ ਵੀ ਹਲਕਾ ਕੇਂਦਰੀ ਤੋਂ ਚੋਣ ਲੜ ਚੁੱਕੇ ਹਨ।



ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਅਤੇ ਡਾ: ਅਜੇ ਗੁਪਤਾ।

# ਜੇਲ੍ਹ 'ਚੋਂ ਤਲਾਸ਼ੀ ਦੌਰਾਨ ਮਿਲੇ 9 ਮੋਬਾਈਲ ਫੋਨ

ਅੰਮ੍ਰਿਤਸਰ, 3 ਜਨਵਰੀ (ਰੇਸ਼ਮ ਸਿੰਘ)-ਕੇਂਦਰੀ ਜੇਲ੍ਹ ਫਤਾਹਪੁਰ 'ਚ ਜੇਲ੍ਹ ਨਿਯਮਾਂ ਦੀ ਉਲੰਘਣਾ ਕਰਕੇ ਮੋਬਾਈਲ ਫੋਨ ਦੀ ਲਗਾਤਾਰ ਹੋ ਰਹੀ ਵਰਤੋਂ ਤਹਿਤ ਇੱਥੇ ਤਲਾਸ਼ੀ ਦੌਰਾਨ ਮੁੜ 9 ਮੋਬਾਈਲ ਫੋਨ ਮਿਲੇ ਹਨ ਪੁਲਿਸ ਵਲੋਂ ਇਸ ਸੰਬੰਧੀ ਮਾਮਲਾ ਦਰਜ ਕਰਕੇ 5 ਕੈਦੀਆਂ ਖ਼ਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ। ਰਮਨ ਗੋਇਲ ਸਹਾਇਕ ਸੁਪਰਡੈਂਟ ਜੇਲ੍ਹ ਨੇ ਦੱਸਿਆ ਕਿ ਉਨ੍ਹਾਂ ਵਲੋਂ ਜਦੋਂ ਜੇਲ੍ਹ ਸਮੂਹ ਦੇ ਸੀ.ਜੇ. 2 ਬੈਰਕ ਨੰਬਰ: 6 'ਚ ਤਲਾਸ਼ੀ ਲਈ ਤਾਂ ਉਕਤ 9 ਮੋਬਾਈਲ ਫੋਨ ਅਤੇ 2 ਬਲਿਊਟੁੱਥ ਵਾਲੇ ਹੈਡਫੋਨ ਵੀ ਬਰਾਮਦ ਹੋਏ। ਪੁਲਿਸ ਵਲੋਂ ਇਸ ਸੰਬੰਧੀ ਮਲਕੀਅਤ ਸਿੰਘ, ਕਰਨਬੀਰ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ ਤੇ ਸ਼ੁਭਕਰਮਜੀਤ ਸਿੰਘ (ਸਾਰੇ ਕੈਦੀਆਂ) ਖ਼ਿਲਾਫ਼ ਪਰਚਾ ਦਰਜ ਕਰਕੇ ਅਗਲੇਰੀ ਕਰਵਾਈ ਸ਼ੁਰੂ ਕਰ ਦਿੱਤੀ ਹੈ।

# ਚਾਕੂ ਦੀ ਨੋਕ 'ਤੇ ਪਤੀ-ਪਤਨੀ ਪਾਸੋਂ ਲੁਟੇਰੇ ਐਕਟਿਵਾ ਸਕੂਟਰ ਖੋਹ ਕੇ ਫ਼ਰਾਰ

ਅੰਮ੍ਰਿਤਸਰ, 3 ਜਨਵਰੀ (ਰੇਸ਼ਮ ਸਿੰਘ)-ਸ਼ਹਿਰ 'ਚ ਹੋ ਰਹੀਆਂ ਲੁੱਟਾਂ ਖੋਹਾਂ ਤਹਿਤ ਇਕ ਹੋਰ ਵਾਰਦਾਤ ਹੋ ਗਈ ਹੈ ਜਦੋਂ ਕਿ ਇਕ ਜੋੜੇ ਪਾਸੋਂ ਲੁਟੇਰੇ ਉਨ੍ਹਾਂ ਦਾ ਐਕਟਿਵਾ ਸਕੂਟਰ ਖੋਹ ਕੇ ਲੈ ਗਏ ਹਨ। ਇਸ ਤੋਂ ਪਹਿਲਾ ਕੱਲ੍ਹ ਰਣਜੀਤ ਐਵਨਿਊ ਤੋਂ ਲੁਟੇਰੇ ਇਕ ਕਾਰੋਬਾਰੀ ਤੋਂ ਉਸ ਦੀ ਕਾਰ ਖੋਹ ਕੇ ਲੈ ਗਏ ਸਨ। ਥਾਣਾ ਮਕਬੂਲਪੁਰਾ ਦੀ ਪੁਲਿਸ ਨੂੰ ਕੀਤੀ ਸ਼ਿਕਾਇਤ 'ਚ ਜੈ ਦੇਵ ਨਾਂਅ ਦੇ ਵਿਅਕਤੀ ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਸ੍ਰੀਮਤੀ ਰਿਤੂ ਸ਼ਰਮਾ ਘਰ ਦਾ ਸਾਮਾਨ ਖਰੀਦ ਕੇ ਆਪਣੇ ਐਕਟਿਵਾ ਸਕੂਟਰ ਨੰਬਰ ਪੀ.ਬੀ.02 ਡੀ.ਕਿਊ. 8527 'ਤੇ ਸਵਾਰ ਹੋ ਕੇ ਘਰ ਪਰਤ ਰਹੇ ਸਨ ਕਿ ਵੱਲ੍ਹਾ ਫਾਟਕ 'ਤੇ ਬਣ ਰਹੇ ਨਵੇਂ ਪੁਲ ਨੇੜੇ 2 ਲੁਟੇਰੇ ਜਿਨ੍ਹਾਂ ਕੋਲ ਇਕ ਪਾਸ ਚਾਕੂ ਸੀ, ਚਾਕੂ ਦੀ ਨੋਕ 'ਤੇ ਉਨ੍ਹਾਂ ਪਾਸੋਂ ਐਕਟਿਵਾ ਖੋਹ ਲਿਆ ਤੇ ਸਬਜ਼ੀ ਮੰਡੀ ਵੱਲ ਫਰਾਰ ਹੋ ਗਏ। ਪੁਲਿਸ ਵਲੋਂ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਸਬਾ ਜੈਂਤੀਪੁਰ ਬਣਿਆ ਚੋਰੀਆਂ ਦਾ ਗੜ੍ਹ, ਪੁਲਿਸ ਦੇ ਹੱਥ ਖਾਲੀ

## ਘਰ 'ਚੋਂ ਦਿਨ-ਦਿਹਾੜੇ 2 ਲੱਖ ਨਕਦੀ ਸਮੇਤ ਸੋਨੇ ਦੇ ਗਹਿਣੇ ਚੋਰੀ

ਜੈਂਤੀਪੁਰ, 3 ਜਨਵਰੀ (ਭੁਪਿੰਦਰ ਸਿੰਘ ਗਿੱਲ)-ਦਿਹਾਤੀ ਇਲਾਕਿਆਂ 'ਚ ਚੋਰਾਂ ਦੀ ਦਹਿਸ਼ਤ ਇਸ ਕਦਰ ਵੱਧ ਚੁੱਕੀ ਹੈ ਕਿ ਲੋਕਾਂ ਦਾ ਜੀਣਾ ਹਰਾਮ ਹੋ ਚੁੱਕਾ ਹੈ ਅਤੇ ਲੋਕ ਆਪਣੇ ਆਪ ਨੂੰ ਅਸਰੁੱਖਿਅਤ ਮਹਿਸੂਸ ਕਰ ਰਹੇ ਹਨ। ਇਸੇ ਤਰ੍ਹਾਂ ਦਾ ਮਾਮਲਾ ਉਸ ਸਮੇਂ ਵੇਖਣ ਨੂੰ ਮਿਲਿਆ ਜਦ ਕਸਬੇ ਵਿਖੇ ਸਥਿਤ ਇੱਕ ਘਰ ਵਿਚ ਦਿਨ-ਦਿਹਾੜੇ ਚੋਰਾਂ ਵੱਲੋਂ ਇੱਕ ਘਰ ਦੇ ਤਾਲੇ ਤੋੜ ਕੇ ਲੱਖਾਂ ਰੁਪਏ ਦਾ ਕੀਮਤੀ ਸਾਮਾਨ ਅਤੇ ਨਕਦੀ ਚੋਰੀ ਕਰਕੇ ਲੈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਮੌਕੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪੀੜਤ ਬਲਵਿੰਦਰ ਸਿੰਘ ਪੁੱਤਰ ਗੋਪਾਲ ਸਿੰਘ ਵਾਸੀ ਅੱਡਾ ਜੈਂਤੀਪੁਰ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੇ ਕੰਮ 'ਤੇ ਗਿਆ ਹੋਇਆ ਸੀ ਅਤੇ ਮੇਰੀ ਪਤਨੀ ਆਪਣੀ ਦੁਕਾਨ 'ਤੇ ਮੌਜੂਦ ਸੀ ਅਤੇ ਘਰ ਨੂੰ ਤਾਲੇ ਲੱਗੇ ਹੋਏ ਸਨ ਜਿਸ 'ਤੇ ਚੋਰਾਂ ਵਲੋਂ ਮੌਕਾ ਪਾ ਕੇ ਘਰ ਦੇ ਤਾਲੇ ਤੋੜ ਦਿੱਤੇ ਅਤੇ 2 ਲੱਖ ਰੁਪਏ ਨਕਦ, ਇੱਕ ਸੋਨੇ ਦਾ ਹਾਰ, ਇੱਕ ਸੋਨੇ ਦੇ ਕਾਂਟੇ, ਇੱਕ ਜੋੜੀ ਟੌਪਸ, 2 ਸੋਨੇ ਦੀਆਂ ਮੁੰਦਰੀਆਂ ਆਦਿ ਸਾਮਾਨ ਚੋਰੀ ਕਰ ਲਿਆ। ਇਸ ਮੌਕੇ ਇਕੱਤਰ ਹੋਏ ਲੋਕਾਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪਾਖਰਪੁਰਾ ਵਿਖੇ ਵੀ ਹਰਧੀਰ ਸਿੰਘ ਪੁੱਤਰ ਨਾਜਰ ਸਿੰਘ ਦੇ ਘਰ ਚੋਰੀ ਹੋ ਚੁੱਕੀ ਹੈ ਪਰ ਅਜੇ ਤੱਕ ਪੁਲਿਸ ਦੇ ਹੱਥ ਖਾਲੀ ਹਨ। ਇਸ ਸਬੰਧੀ ਪੁਲਿਸ ਚੌਂਕੀ ਜੈਂਤੀਪੁਰ ਦੇ ਇੰਚਾਰਜ਼ ਸੁਭਾਸ਼ ਚੰਦਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਘਟਨਾ ਦੀ ਸੂਚਨਾ ਮਿਲਦੇ ਸਾਰ ਹੀ ਤੁਰੰਤ ਇਲਾਕੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।



ਚੋਰੀ ਬਾਰੇ ਜਾਣਕਾਰੀ ਦਿੰਦੇ ਹੋਏ ਬਲਵਿੰਦਰ ਸਿੰਘ ਅਤੇ ਉਸ ਦੀ ਪਤਨੀ ਹਰਜੀਤ ਕੌਰ। ਤਸਵੀਰ : ਗਿੱਲ

# ਵਿੱਤ ਅਤੇ ਠੇਕਾ ਕਮੇਟੀ ਦੀ ਬੈਠਕ ਕੱਲ੍ਹ

ਅੰਮ੍ਰਿਤਸਰ, 3 ਜਨਵਰੀ (ਹਰਮਿੰਦਰ ਸਿੰਘ)-ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਬੈਠਕ ਮੇਅਰ ਕਰਮਜੀਤ ਸਿੰਘ ਰਿੰਟੂ ਦੀ ਪ੍ਰਧਾਨਗੀ ਹੇਠ 5 ਜਨਵਰੀ ਬੁੱਧਵਾਰ ਨੂੰ ਦੁਪਹਿਰ 12 ਵਜੇ ਹੋਵੇਗੀ। ਇਸ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਬੈਠਕ 'ਚ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹਰੀ ਝੰਡੀ ਮਿਲੇਗੀ। ਜ਼ਿਕਰਯੋਗ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਨਗਰ ਨਿਗਮ ਵਲੋਂ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਂਦੀ ਜਾ ਰਹੀ ਹੈ ਜਿਸ ਦੇ ਤਹਿਤ 14 ਦਸੰਬਰ 2021 ਨੂੰ ਨਗਰ ਨਿਗਮ ਦੇ ਹਾਊਸ ਦੀ ਬੈਠਕ ਰੱਖੀ ਗਈ ਸੀ ਇਸ ਉਪਰੰਤ ਹੁਣ ਵਿੱਤ ਅਤੇ ਠੇਕਾ ਕਮੇਟੀ ਦੀ ਬੈਠਕ ਵਿਚ ਵਿਕਾਸ ਕਾਰਜਾਂ ਨੂੰ ਪ੍ਰਵਾਨਗੀ ਦੇ ਕੇ ਲੀਹ 'ਤੇ ਲਿਆਂਦਾ ਜਾ ਸਕੇ।



ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ ਹੋਣ 'ਤੇ ਜੇਤੂ ਚਿੰਨ੍ਹ ਬਣਾਉਂਦੇ ਹੋਏ ਸਾਬਕਾ ਏ.ਡੀ.ਸੀ. ਰਾਕੇਸ਼ ਕੁਮਾਰ, ਸ੍ਰੀ ਅਨਿਲ ਜੋਸ਼ੀ, ਡਾ. ਦਲਬੀਰ ਸਿੰਘ ਵੇਰਕਾ, ਬਿਕਰਮਜੀਤ ਸਿੰਘ ਕੋਟਲਾ, ਵਿੱਕੀ ਐਰੀ ਤੇ ਹੋਰ। ਅਜੀਤ ਤਸਵੀਰ

# ਅਨਿਲ ਜੋਸ਼ੀ ਤੇ ਡਾ. ਵੇਰਕਾ ਦੇ ਹੱਕ 'ਚ ਕਰਾਂਗਾ ਚੋਣ ਪ੍ਰਚਾਰ- ਰਿਟਾ. ਏ.ਡੀ.ਸੀ. ਰਾਕੇਸ਼

**'ਆਪ' ਨੂੰ ਵੱਡਾ ਝਟਕਾ, ਸੂਬਾ ਸੰਯੁਕਤ ਸਕੱਤਰ ਰਿਟਾਇਰਡ ਏ. ਡੀ. ਸੀ. ਅਕਾਲੀ ਦਲ 'ਚ ਸ਼ਾਮਿਲ**

ਛੇਹਰਟਾ, 3 ਜਨਵਰੀ (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ ਵਲੋਂ ਅਣਦੇਖਿਆਂ ਕਰਨ ਤੋਂ ਬਾਅਦ ਰਿਟਾ. ਏ.ਡੀ.ਸੀ. ਰਾਕੇਸ਼ ਕੁਮਾਰ ਵਲੋਂ ਅੱਜ ਇਕ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਕੌਮੀ ਮੀਤ ਪ੍ਰਧਾਨ ਅਨਿਲ ਜੋਸ਼ੀ, ਸਾਬਕਾ ਕੈਬਨਿਟ ਮੰਤਰੀ ਜਥੇ: ਗੁਲਜ਼ਾਰ ਸਿੰਘ ਰਣੀਕੇ, ਹਲਕਾ ਪੱਛਮੀ ਤੋਂ ਉਮੀਦਵਾਰ ਡਾਕਟਰ ਦਲਬੀਰ ਵੇਰਕਾ, ਸ਼੍ਰੋਮਣੀ ਕਮੇਟੀ ਮੈਂਬਰ ਬਿਕਰਮਜੀਤ ਸਿੰਘ ਕੋਟਲਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਉਨ੍ਹਾਂ ਨਾਲ ਜੁਆਇੰਟ ਸਕੱਤਰ ਪੰਜਾਬ ਤੇ ਸਰਪੰਚ ਰਾਜੇਸ਼ ਰੈਣਾ, ਸੀਨੀਅਰ ਅਕਾਲੀ ਆਗੂ ਵਿੱਕੀ ਐਰੀ ਵੀ ਹਾਜ਼ਰ ਸਨ। ਇਸ ਮੌਕੇ ਜੋਸ਼ੀ, ਰਣੀਕੇ ਤੇ ਡਾ. ਵੇਰਕਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਕਾਂਗਰਸ ਸਰਕਾਰ ਦਾ ਤਾਂ ਪਹਿਲਾਂ ਹੀ ਪੰਜਾਬ 'ਚੋਂ ਭੋਗ ਪੈ ਚੁੱਕਾ ਹੈ ਤੇ ਆਮ ਆਦਮੀ ਪਾਰਟੀ ਦਾ ਵੀ ਪੰਜਾਬ ਵਿਚ ਕੋਈ ਆਧਾਰ ਨਹੀਂ ਹੈ। ਇਸ ਮੌਕੇ ਏ.ਡੀ.ਸੀ. ਰਾਕੇਸ਼ ਕੁਮਾਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ ਤੇ ਸਮੁੱਚੀ ਹਾਈਕਮਾਨ ਵਲੋਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ, ਜਿਸ ਕਾਰਨ ਉਹ ਆਪਣੇ ਆਪ ਨੂੰ ਕਾਫੀ ਠੱਗਿਆ ਮਹਿਸੂਸ ਕਰ ਰਹੇ ਸਨ, ਜਿਸ ਕਾਰਨ ਉਨ੍ਹਾਂ ਨੇ ਅਨਿਲ ਜੋਸ਼ੀ ਤੇ ਜਥੇ. ਗੁਲਜ਼ਾਰ ਸਿੰਘ ਰਣੀਕੇ ਦੀ ਪ੍ਰੇਰਣਾ ਸਦਕਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋਏ ਹਨ, ਜਿਥੇ ਪਾਰਟੀ ਵਲੋਂ ਉਨ੍ਹਾਂ ਨੂੰ ਪੂਰਾ ਮਾਣ ਸਨਮਾਨ ਦਿੰਦੇ ਹੋਏ ਪਾਰਟੀ ਦਾ ਕੌਮੀ ਵਾਇਸ ਪ੍ਰਧਾਨ ਨਿਯੁਕਤ ਕੀਤਾ ਗਿਆ, ਜਿਸ ਦਾ ਉਹ ਪਾਰਟੀ ਪ੍ਰਤੀ ਤਹਿ ਦਿਲੋਂ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਉਹ ਹਲਕਾ ਉਤਰੀ ਤੋਂ ਅਨਿਲ ਜੋਸ਼ੀ ਅਤੇ ਹਲਕਾ ਪੱਛਮੀ ਤੋਂ ਡਾ. ਦਲਬੀਰ ਵੇਰਕਾ ਦੇ ਹੱਕ ਵਿਚ ਚੋਣ ਪ੍ਰਚਾਰ ਕਰਕੇ ਉਨ੍ਹਾਂ ਦੀ ਜਿੱਤ ਯਕੀਨੀ ਬਨਾਉਣਗੇ। ਇਸ ਮੌਕੇ ਅਮਨ ਸ਼ਰਮਾ, ਰਘੂ ਰਾਜਾ ਨਾਨੂੰ, ਰਾਕੇਸ਼ ਕਪੂਰ, ਜੋਗਿੰਦਰ ਸਿੰਘ, ਦੀਪਕਮਲ ਸਿੰਘ, ਝਿਰਮਿਲ ਸਿੰਘ, ਅਮਰਿੰਦਰ ਸਿੰਘ ਭੈਣੀ, ਅਮਨ ਹਮੀਦਪੁਰਾ, ਠੇਕੇਦਾਰ ਭਜਨ ਸਿੰਘ, ਠੇਕੇਦਾਰ ਕੁਲਦੀਪ ਸਿੰਘ, ਗੁਰਵਿੰਦਰ ਸਿੰਘ ਫੌਜੀ ਆਦਿ ਹਾਜ਼ਰ ਸਨ।



ਹਾਦਸਾਗ੍ਰਸਤ ਪੰਜਾਬ ਰੋਡਵੇਜ਼ ਦੀ ਬੱਸ ਜਿਸ ਦੇ ਹੇਠਾਂ ਆਉਣ ਨਾਲ ਐਕਟਿਵਾ ਸਵਾਰ ਔਰਤ ਦੀ ਮੌਤ ਹੋਈ। ਤਸਵੀਰ : ਸੋਖੀ

# ਕੋਰੋਨਾ ਦੇ ਮਿਲੇ 20 ਮਾਮਲੇ

**ਡੀ.ਸੀ. ਨੇ ਲਾਈਆਂ ਨਵੀਆਂ ਪਾਬੰਦੀਆਂ**

ਅੰਮ੍ਰਿਤਸਰ, 3 ਜਨਵਰੀ (ਰੇਸ਼ਮ ਸਿੰਘ)-ਭਾਵੇਂ ਕਿ ਜ਼ਿਲ੍ਹੇ 'ਚ ਕੋਵਿਡ ਦੇ ਨਵੇਂ ਰੂਪ ਓਮੀਕਰੋਨ ਦੇ ਕਿਸੇ ਵੀ ਮਾਮਲੇ ਦੀ ਪੁਸ਼ਟੀ ਨਹੀਂ ਹੋਈ ਹੈ ਪਰ ਕੋਵਿਡ ਦੇ ਮਾਮਲੇ ਮੁੜ ਦਿਨ ਬ ਦਿਨ ਵੱਧ ਰਹੇ ਹਨ। ਬੀਤੇ ਇਕੋ ਦਿਨ 'ਚ 16 ਨਵੇਂ ਮਾਮਲੇ ਸਾਹਮਣੇ ਆਉਣ ਉਪਰੰਤ ਅੱਜ ਇਨ੍ਹਾਂ 'ਚ 20 ਹੋਰ ਪਾਜ਼ੀਟਿਵ ਮਰੀਜ਼ ਇਕੋ ਦਿਨ 'ਚ ਸਾਹਮਣੇ ਆਏ ਹਨ। ਵੱਡੀ ਗੱਲ ਇਹ ਵੀ ਹੈ ਕਿ ਇਹ ਸਾਰੇ ਮਰੀਜ਼ ਨਵੇਂ ਹਨ ਯਾਨੀ ਕਿ ਸੰਪਰਕ ਵਾਲੇ ਨਹੀਂ ਹਨ। ਦੂਜੇ ਪਾਸੇ ਕੋਵਿਡ ਦੇ ਵੱਧ ਰਹੇ ਮਾਮਲਿਆਂ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਇਕ ਵਾਰ ਮੁੜ ਚੌਕਸ ਹੋ ਗਿਆ ਹੈ। ਜ਼ਿਲ੍ਹਾ ਮੈਜਿਸਟਰੇਟ ਗੁਰਪ੍ਰੀਤ ਸਿੰਘ ਖਹਿਰਾ ਵਲੋਂ ਅੱਜ ਜਾਰੀ ਕੀਤੇ ਨਵੇਂ ਨਿਰਦੇਸ਼ਾਂ ਮੁਤਾਬਕ ਮਾਸਕ ਪਹਿਨਣਾ ਸਮਾਜਿਕ ਦੂਰੀ ਆਦਿ ਨਿਯਮਾਂ ਨੂੰ ਮੁੜ ਤੋਂ ਲਾਗੂ ਕਰਦਿਆਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

# ਬੱਸ ਹੇਠਾਂ ਆ ਕੇ ਐਕਟਿਵਾ ਸਵਾਰ ਔਰਤ ਦੀ ਮੌਤ

ਮਜੀਠਾ, 3 ਜਨਵਰੀ (ਮਨਿੰਦਰ ਸਿੰਘ ਸੋਖੀ)-ਮਜੀਠਾ-ਫਤਹਿਗੜ੍ਹ ਚੂੜੀਆਂ ਸੜਕ 'ਤੇ ਡਾਕਖਾਨੇ ਦੇ ਸਾਹਮਣੇ ਪੰਜਾਬ ਰੋਡਵੇਜ਼ ਦੀ ਬੱਸ ਹੇਠਾਂ ਆ ਕੇ ਇਕ ਐਕਟਿਵਾ ਸਵਾਰ ਔਰਤ ਦੀ ਮੌਕੇ 'ਤੇ ਮੌਤ ਹੋਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਜਸਬੀਰ ਕੌਰ ਉਮਰ ਕਰੀਬ 36 ਸਾਲ ਪਤਨੀ ਧਰਵਿੰਦਰ ਸਿੰਘ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਫਤਹਿਗੜ੍ਹ ਚੂੜੀਆਂ ਸੜਕ 'ਤੇ ਪਿੰਡ ਹਮਜਾ ਵਾਲੇ ਪਾਸੇ ਤੋਂ ਮਜੀਠਾ ਵੱਲ ਆ ਰਹੀ ਸੀ ਕਿ ਡਾਕਖਾਨੇ ਦੇ ਸਾਹਮਣੇ ਆਉਣ 'ਤੇ ਮਜੀਠਾ ਵਾਲੇ ਪਾਸੇ ਤੋਂ ਫਤਹਿਗੜ੍ਹ ਚੂੜੀਆਂ ਨੂੰ ਜਾ ਰਹੀ ਪੰਜਾਬ ਰੋਡਵੇਜ਼ ਅੰਮ੍ਰਿਤਸਰ ਡੀਪੂ ਨੰਬਰ 2 ਦੀ ਬੱਸ ਪੀ ਬੀ 02 ਏ ਜ਼ੈਡ 6963 ਨਾਲ ਐਕਟਿਵਾ ਟਕਰਾ ਜਾਣ ਕਾਰਨ ਔਰਤ ਬੱਸ ਦੇ ਪਹੀਏ ਹੇਠਾਂ ਆ ਗਈ, ਜਿਸ ਦੇ ਸਿਰ ਉਪਰੋਂ ਬੱਸ ਦਾ ਪਹੀਆ ਲੰਘ ਜਾਣ 'ਤੇ ਔਰਤ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਔਰਤ ਆਪਣੇ ਪਿਛੇ ਪਤੀ ਅਤੇ ਦੋ ਛੋਟੇ ਬੱਚੇ ਛੱਡ ਗਈ ਹੈ। ਹਾਦਸੇ ਦੀ ਇਤਲਾਹ ਪੁਲਿਸ ਚੌਕੀ ਮਜੀਠਾ ਮਿਲਣ 'ਤੇ ਚੌਕੀ ਇੰਚਾਰਜ ਰਮੇਸ਼ ਲਾਲ ਸਮੇਤ ਪੁਲਿਸ ਪਾਰਟੀ ਮੌਕੇ 'ਤੇ ਪੁੱਜ ਗਏ ਜਿਨ੍ਹਾਂ ਨੇ ਬੱਸ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਮ੍ਰਿਤਕ ਔਰਤ ਦੀ ਲਾਸ਼ ਨੂੰ ਪੋਸਟਮਾਰਟਮ ਕਰਾਉਣ ਲਈ ਰਵਾਨਾ ਕਰ ਦਿੱਤਾ। ਬੱਸ ਡਰਾਈਵਰ ਮੌਕੇ ਤੋਂ ਭੱਜ ਗਿਆ।

# ਸ਼ੇਰ-ਏ-ਪੰਜਾਬ ਦੇ ਸਮਰ ਪੈਲੇਸ ਦੀ ਸੰਭਾਲ ਲਈ ਕੇਂਦਰ ਦੇਵੇਗਾ ਹਰ ਤਰ੍ਹਾਂ ਦਾ ਸਹਿਯੋਗ-ਮੀਨਾਕਸ਼ੀ ਲੇਖੀ

## ਰਾਮ ਬਾਗ਼ 'ਚ ਬੇਨਿਯਮੀਆਂ ਨੂੰ ਲੈ ਕੇ ਅਧਿਕਾਰੀਆਂ ਨੂੰ ਲਗਾਈ ਝਾੜ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਕੇਂਦਰੀ ਵਿਦੇਸ਼ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਰਾਜ ਮੰਤਰੀ ਅਤੇ ਪੰਜਾਬ ਪ੍ਰਦੇਸ਼ ਭਾਜਪਾ ਦੀ ਸਹਿ-ਇੰਚਾਰਜ ਮੀਨਾਕਸ਼ੀ ਲੇਖੀ ਨੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੁਆਰਾ ਸੰਨ 1819 'ਚ 84 ਏਕੜ ਭੂਮੀ 'ਤੇ ਲਗਵਾਏ ਰਾਮ ਬਾਗ਼ ਅਤੇ ਬਾਗ ਵਿਚਲੇ ਇਤਿਹਾਸਕ ਸਮਾਰਕਾਂ ਦਾ ਪੁਰਾਤੱਤਵ ਵਿਭਾਗ ਦੇ ਅਧਿਕਾਰੀਆਂ ਦੀ ਟੀਮ ਨਾਲ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਆਰਕੋਲਾਜੀਕਲ ਸਰਵੇ ਆਫ਼ ਇੰਡੀਆ (ਏ. ਐਸ. ਆਈ.) ਵਿਭਾਗ ਦੇ ਅਧਿਕਾਰੀਆਂ ਪਾਸੋਂ ਉਨ੍ਹਾਂ ਦੇ ਵਿਭਾਗ ਅਤੇ ਹੋਰਨਾਂ ਵਿਭਾਗਾਂ ਵਲੋਂ ਇਤਿਹਾਸਕ ਬਾਗ਼ 'ਚ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਦਾ ਬਾਰੀਕੀ ਨਾਲ ਨਿਰੀਖਣ ਵੀ ਕੀਤਾ। ਉਨ੍ਹਾਂ ਸੈਰ ਸਪਾਟਾ ਵਿਭਾਗ ਵਲੋਂ ਸਮਰ ਪੈਲੇਸ ਦੀ ਉਸਾਰੀ 'ਚ ਕੀਤੀ ਜਾ ਰਹੀ ਦੇਰੀ ਅਤੇ ਇਤਿਹਾਸਕ ਬਾਗ਼ ਵਿਚਲੀਆਂ ਬੇਨਿਯਮੀਆਂ ਨੂੰ ਲੈ ਕੇ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਝਾੜ ਵੀ ਲਗਾਈ। ਉਨ੍ਹਾਂ ਨੇ ਉਕਤ ਇਤਿਹਾਸਕ ਬਾਗ਼ ਅਤੇ ਬਾਗ਼ ਵਿਚਲੇ ਸਮਾਰਕਾਂ ਦੀ 15 ਅਕਤੂਬਰ 2004 ਨੂੰ ਸ਼ੁਰੂ ਕੀਤੀ ਗਈ ਨਵਉਸਾਰੀ ਅਤੇ ਸੁੰਦਰੀਕਰਨ ਦੀ ਕਾਰਵਾਈ ਦੇ ਲਗਪਗ 17 ਵਰ੍ਹੇ ਦਾ ਸਮਾਂ ਬੀਤ ਜਾਣ ਦੇ ਬਾਅਦ ਵੀ ਕਿਸੇ ਨਤੀਜੇ 'ਤੇ ਨਾ ਪਹੁੰਚ ਸਕਣ 'ਤੇ ਹੈਰਾਨੀ ਪ੍ਰਗਟ ਕੀਤੀ ਅਤੇ ਏ. ਐਸ. ਆਈ. ਨੂੰ ਇਸ ਦੀ ਰਿਪੋਰਟ ਤਿਆਰ ਕਰਕੇ ਮੰਤਰਾਲੇ ਨੂੰ ਭੇਜਣ ਦੇ ਆਦੇਸ਼ ਜਾਰੀ ਕੀਤੇ। ਉਨ੍ਹਾਂ ਆਪਣੇ ਇਸ ਦੌਰੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ (ਗਰਮੀਆਂ ਦੇ ਮਹਿਲ) ਸਮੇਤ ਬਾਗ਼ ਵਿਚਲੀਆਂ ਡਿਓੜੀਆਂ, ਬਾਰਾਂਦਰੀਆਂ, ਸੁਰੱਖਿਆ ਬੁਰਜੀਆਂ, ਰਾਇਲ ਸਵੀਮਿੰਗ ਪੂਲ ਅਤੇ ਹੋਰਨਾਂ ਸਮਾਰਕਾਂ ਦਾ ਵੀ ਦੌਰਾ ਕੀਤਾ। ਮੀਨਾਕਸ਼ੀ ਲੇਖੀ ਨੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਇਸ ਮਹਿਲ ਨੂੰ ਸੰਭਾਲਣ ਲਈ ਉਨ੍ਹਾਂ ਨੂੰ ਕੇਂਦਰ ਸਰਕਾਰ ਵਲੋਂ ਜੋ ਵੀ ਸਹਿਯੋਗ ਦੀ ਲੋੜ ਹੋਵੇਗੀ, ਉਹ ਉਪਲਬਧ ਕਰਵਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਰਾਮ ਬਾਗ 'ਚ ਸਫ਼ਾਈ ਵਿਵਸਥਾ ਦੀ ਮਾੜੀ ਹਾਲਤ ਬਾਰੇ ਵੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਖ਼ੁਦ ਦੀ ਤਰਫੋਂ ਉੱਥੇ ਸਫ਼ਾਈ ਮੁਹਿੰਮ ਚਲਾਉਣ ਦੀ ਗੱਲ ਕਹੀ।



ਪੁਰਾਤੱਤਵ ਵਿਭਾਗ ਦੇ ਅਧਿਕਾਰੀਆਂ ਦੀ ਟੀਮ ਨਾਲ ਰਾਮ ਬਾਗ਼ ਦਾ ਦੌਰਾ ਕਰਦੇ ਹੋਏ ਮੀਨਾਕਸ਼ੀ ਲੇਖੀ। ਅਜੀਤ ਤਸਵੀਰ

# ਪਾਕਿ 'ਚ 2 ਹਿੰਦੂ ਕਾਰੋਬਾਰੀਆਂ ਦੀ ਹੱਤਿਆ

ਅੰਮ੍ਰਿਤਸਰ, 3 ਜਨਵਰੀ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਸੂਬਾ ਸਿੰਧ ਵਿਖੇ ਵੱਖ-ਵੱਖ ਵਾਰਦਾਤਾਂ 'ਚ 2 ਹਿੰਦੂ ਕਾਰੋਬਾਰੀਆਂ ਦੀ ਹੱਤਿਆ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਕਰਾਚੀ ਸ਼ਹਿਰ ਦੀ ਹਿੰਦੂ ਰਾਠੌਰ ਪੰਚਾਇਤ ਦੇ ਆਗੂ ਸੁਨੀਲ ਕੁਮਾਰ ਡੇਮਬਾਨੀ ਦੇ ਪੁੱਤਰ ਰਮੇਸ਼ ਡੇਮਬਾਨੀ ਦੀ ਚਾਕੂ ਮਾਰ ਕੇ ਹੱਤਿਆ ਉਸ ਵੇਲੇ ਕੀਤੀ ਗਈ, ਜਦੋਂ ਉਹ ਆਪਣੀ ਦੁਕਾਨ ਤੋਂ ਥੋੜੀ ਦੂਰੀ 'ਤੇ ਹੱਬ ਚੌਕ ਸਥਿਤ ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਜਾ ਰਿਹਾ ਸੀ। ਉੱਧਰ, ਇਕ ਹੋਰ ਮਾਮਲੇ 'ਚ ਸੂਬਾ ਸਿੰਧ ਦੇ ਜ਼ਿਲ੍ਹਾ ਖ਼ੈਰਪੁਰ ਮੀਰਾਂ ਦੇ ਕਸਬਾ ਪੀਰ ਭੱਟ 'ਚ ਪੰਜ ਬੱਚਿਆਂ ਦੇ ਪਿਤਾ ਹਿੰਦੂ ਕਾਰੋਬਾਰੀ ਗਗਨ ਦਾਸ (40 ਸਾਲ) ਦੀ ਅਣਪਛਾਤੇ ਲੋਕਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਕਤ ਦੋਵਾਂ ਮਾਮਲਿਆਂ 'ਚ ਸ਼ਾਮਿਲ ਕਿਸੇ ਵੀ ਦੋਸ਼ੀ ਨੂੰ ਅਜੇ ਤੱਕ ਪੁਲਿਸ ਨੇ ਹਿਰਾਸਤ 'ਚ ਨਹੀਂ ਲਿਆ ਹੈ।



ਰਮੇਸ਼ ਡੇਮਬਾਨੀ ਅਤੇ ਗਗਨ ਦਾਸ

ਦਫ਼ਤਰ ਵਧੀਕ ਡਿਪਟੀ ਕਮਿਸ਼ਨਰ-ਕਮ-ਮੈਰਿਜ ਅਫਸਰ,ਲੁਧਿਆਣਾ।
(ਪੇਸ਼ੀ ਸ਼ਾਖਾ)
ਨੋਟਿਸ ਹਰ ਆਮ ਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ Resham Singh S/O Gurdev Singh ਵਾਸੀ 11541 Street No. 26 Ram Nagar , Near Sangit Cinema , Ludhiana ਨੇ ਬੇਨਤੀ ਕੀਤੀ ਹੈ ਕਿ ਉਸ ਦੇ ਲੜਕੇ Jasibr Singh S/o Resham Singh ਦੀ ਜਨਮ ਮਿਤੀ 21/07/1993 ਹੈ , ਜੋ ਕਿ Cyprus ਵਿਖੇ ਰਹਿ ਰਿਹਾ ਹੈ ਅਤੇ ਉਸਨੇ ਭਾਰਤ ਵਿਚ ਅਜੇ ਤੱਕ ਕੋਈ ਮੰਗਣੀ ਵਿਆਹ ਨਹੀਂ ਕਰਵਾਇਆ । ਇਸ ਲਈ ਉਹ ਆਪਣੀ ਮਰਜ਼ੀ ਨਾਲ Cyprus ਵਿਖੇ ਵਿਆਹ ਕਰਾਉਣਾ ਚਾਹੁੰਦਾ ਹੈ । ਇਸ ਲਈ ਅਣ-ਵਿਆਹੁਤਾ ਸਰਟੀਫਿਕੇਟ ਜਾਰੀ ਕਰਨ ਦੀ ਮੰਗ ਕੀਤੀ ਹੈ ।
ਉਕਤ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਸ੍ਰੀ Jasibr Singh S/o Resham Singh ਵਾਸੀ 11541 Street No. 26 Ram Nagar,Near Sangit Cinema,Ludhiana ਦੇ ਨਾਮ ਅਣ-ਵਿਆਹੁਤਾ ਸਰਟੀਫਿਕੇਟ ਜਾਰੀ ਕਰਨ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ ਅੰਦਰ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਲਿਖਤੀ ਤੌਰ ਤੇ ਇਤਰਾਜ਼ ਪੇਸ਼ ਕਰੇ । ਜੇਕਰ ਮਿੱਥੇ ਸਮੇਂ ਅੰਦਰ ਅੰਦਰ ਕੋਈ ਇਤਰਾਜ ਪੇਸ਼ ਨਹੀਂ ਕਰਦਾ ਤਾਂ Jasibr Singh S/o Resham Singh ਦੇ ਨਾਮ ਅਣ ਵਿਆਹੁਤਾ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਵੇਗਾ।
ਮਿਤੀ 22/12/21 ਵਧੀਕ ਡਿਪਟੀ ਕਮਿਸ਼ਨਰ, ਕਮ ਮੈਰਿਜ ਅਫਸਰ ਲੁਧਿਆਣਾ।

ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ, ਨਵੀਂ ਦਿੱਲੀ
ਇਸ਼ਤਿਹਾਰ ਨੰ: ICMR/DIR/NARI/2021-22/1-Pers
ਵੈਕੰਸੀ ਸਰਕੂਲਰ
ਬਿਨੈਪੱਤਰਾਂ ਦੀ ਪ੍ਰਾਪਤੀ ਲਈ ਅੰਤਿਮ ਮਿਤੀ : 1 ਫਰਵਰੀ, 2022
ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐਮ ਆਰ), ਹੈਲਥ ਰਿਸਰਚ ਵਿਭਾਗ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਅਧੀਨ ਇਕ ਖ਼ੁਦਮੁਖਤਿਆਰ ਸੰਗਠਨ ਦੁਆਰਾ ਪੇਅ ਮੈਟਰਿਕਸ ਦੇ ਲੈਵਲ 14 (ਰੁਪਏ 1,44,200-2, 18, 200) (7ਵਾਂ ਸੀ ਪੀ ਪੀ ਸਕੇਲ) ਅਤੇ ਆਈ ਸੀ ਐਮ ਆਰ ਇੰਪਲਾਈਜ਼ ਲਈ ਲਾਗੂ ਯੋਗ ਅਨੁਸਾਰ ਯੂਜਅਲ ਅਲਾਊਂਸਜ਼ ਵਿਚ ਆਈ ਸੀ ਐਮ ਆਰ-ਨੈਸ਼ਨਲ ਏਡਜ਼ ਰਿਸਰਚ ਇੰਸਟੀਚਿਊਟ ਪੂਨੇ ਵਿਖੇ ਨਿਰਦੇਸ਼ਕ ਦੀ ਅਸਾਮੀ ਲਈ ਮਿਤੀ 1 ਫਰਵਰੀ, 2022 ਸ਼ਾਮ 5.30 ਵਜੇ ਤੱਕ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।
ਵਿਸਥਾਰਤ ਇਸ਼ਤਿਹਾਰ ਲਈ ਕ੍ਰਿਪਾ ਕਰਕੇ ਆਈ ਸੀ ਐਮ ਆਰ ਵੈੱਬਸਾਈਟ www.icmr.nic.in ਜਾਂ https://recruit.icmr.org.in 'ਤੇ ਪਧਾਰੋ।
davp 17152/11/0008/2122 ਸਹੀ/-ਅਸਿਸਟੈਂਟ ਡਾਇਰੈਕਟਰ-ਜਨਰਲ (ਐਡਮਨ)